<u>**ਯੂਡਾਈਸ ਸਬੰਧੀ ਪੁੱਛੇ ਗਏ ਸਵਾਲਾਂ ਦੇ ਜਵਾਬ**</u>

1) **ਕੀ Unsafe Rooms ਦੀ ਗਿਣਤੀ "B. Physical facilities & Equipments" ਅਧੀਨ ਪੁੱਛੇ ਗਏ ਕਮਰਿਆਂ ਦੀ ਗਿਣਤੀ ਵਿਚ ਭਰੀ ਜਾਵੇਗੀ ਜਾ ਨਹੀਂ ?**
   - Unsafe Rooms ਦੀ ਗਿਣਤੀ "B. Physical facilities & Equipments" ਅਧੀਨ ਪੁੱਛੇ ਗਏ ਕਮਰਿਆਂ ਦੀ ਗਿਣਤੀ ਵਿਚ ਨਹੀਂ ਦਿਖਾਈ ਜਾਵੇਗੀ।
   - ਮਿਸਾਲ ਵਜੋਂ ਜੇਕਰ ਇੱਕ ਸਕੂਲ ਵਿਚ ਤਿੰਨ ਕਮਰੇ ਹਨ ਅਤੇ ਉਨ੍ਹਾਂ ਵਿਚੋਂ ਇੱਕ Unsafe ਹੈ ਤਾਂ "B. Physical facilities & Equipments" ਅਧੀਨ ਪੁੱਛੇ ਗਏ ਕਮਰਿਆਂ ਦੀ ਗਿਣਤੀ ਵਿਚ ਸਿਰਫ ਦੋ ਕਮਰੇ ਹੀ ਭਰੇ ਜਾਣਗੇ। Unsafe Rooms ਦੀ ਗਿਣਤੀ ਆਖਰੀ ਪੰਨੇ "State Supplementary Variables" ਅਧੀਨ ਪੁੱਛੇ ਗਏ " No. of Unsafe Rooms in school " ਅਧੀਨ ਹੀ ਦਿਖਾਈ ਜਾਵੇਗੀ।

2) **ਜੇਕਰ ਸਕੂਲ ਮਿਡਲ ਜਾਂ ਹਾਈ ਸਕੂਲ ਹੈ ਅਤੇ ਪੰਚਾਇਤ ਵਲੋਂ ਆਪਣੇ ਪੱਧਰ ਉੱਤੇ ਹੀ 9ਵੀਂ-10ਵੀਂ ਜਾਂ 11ਵੀਂ 12ਵੀਂ ਜਮਾਤਾਂ ਚਲਾਈਆਂ ਜਾ ਰਹੀਆਂ ਹਨ ਤਾਂ ਕੀ ਇਨ੍ਹਾਂ ਜਮਾਤਾਂ ਦੇ ਵਿਦਿਆਰਥੀਆਂ ਦੀ ਗਿਣਤੀ ਯੂਡਾਈਸ ਵਿਚ ਦਿਖਾਈ ਜਾਵੇਗੀ ਜਾ ਨਹੀਂ ?**
   - ਯੂਡਾਈਸ ਵਿਚ ਅਜਿਹੀਆਂ ਸਮੂਹ ਜਮਾਤਾਂ ਦੇ ਵਿਦਿਆਰਥੀਆਂ ਦੀ ਗਿਣਤੀ ਦਿਖਾਈ ਜਾਵੇਗੀ ਜਿਨ੍ਹਾਂ ਨੂੰ ਪੰਚਾਇਤ ਜਾਂ ਕਿਸੇ ਹੋਰ ਅਥਾਰਟੀ ਵਲੋਂ ਆਪਣੇ ਪੱਧਰ ਉੱਤੇ ਹੀ ਸਕੂਲ ਵਿਚ ਚਲਾਇਆ ਜਾ ਰਿਹਾ ਹੈ। ਸਕੂਲ ਵਿਚ ਪੜ੍ਹਦੇ ਹਰ ਇੱਕ ਵਿਦਿਆਰਥੀ ਸਬੰਧੀ ਅੰਕੜੇ ਯੂਡਾਈਸ ਵਿਚ ਦਰਸਾਏ ਜਾਣਗੇ।

3) " **Availabilit of facilities in the school" ਅਧੀਨ ਪੁੱਛੇ ਗਏ ICT Lab ਅਤੇ Computer Room ਵਿਚ ਕੀ ਫਰਕ ਹੈ**?
   - ICT Lab ਅਧੀਨ ਸਿਰਫ ਉਨ੍ਹਾਂ ਕੰਪਿਉਟਰ Labs ਬਾਰੇ ਪੁੱਛਿਆ ਗਿਆ ਹੈ ਜੋ ਪੜ੍ਹਾਉਣ (instructional purposes) ਲਈ ਵਰਤੀਆਂ ਜਾਂਦੀਆਂ ਹਨ।
   - Computer Rooms ਅਧੀਨ ਸਿਰਫ ਉਨ੍ਹਾਂ ਕੰਪਿਉਟਰ ਵਾਲੇ ਕਮਰਿਆਂ ਬਾਰੇ ਪੁੱਛਿਆ ਗਿਆ ਹੈ ਜੋ ਪੜ੍ਹਾਉਣ ਤੋਂ ਇਲਾਵਾ ਦਫਤਰੀ (only for office/administrative work) ਕੰਮ ਲਈ ਵਰਤੇ ਜਾਂਦੇ ਹਨ।